ਮਾਪਿਆਂ ਲਈ ਸਪੈਸ਼ਲ

# ਐਜੂਕੇਸ਼ਨ ਗਾਇਡ (ਪੇਰੈਂਟਸ ਗਾਇਡ ਟੂ ਸਪੈਸ਼ਲ ਐਜੂਕੇਸ਼ਨ)

Dufferin-Peel
Catholic District
School Board

## ਮਾਪਿਆਂ ਲਈ ਸੰਦੇਸ਼

***'ਹਰੇਕ ਨੂੰ ਨਾਮ ਲੈ ਕੇ ਬੁਲਾਇਆ ਜਾਂਦਾ ਹੈ'***
(ਆਈਜ਼ੇਆ 43:1)

ਡਫਰਿਨ-ਪੀਲ ਕੈਥੋਲਿਕ ਡਿਸਟਰਿਕਟ ਸਕੂਲ ਬੋਰਡ ਦਾ ਕਾਰਜ ਉਦੇਸ਼, ਪਰਿਵਾਰ ਅਤੇ ਚਰਚ ਦੇ ਨਾਲ ਸਾਂਝੇਦਾਰੀ ਵਿੱਚ, ਜਿੰਮੇਵਾਰ ਤਰੀਕੇ ਦੇ ਨਾਲ, ਅਜਿਹੀ ਕੈਥੋਲਿਕ ਸਿੱਖਿਆ ਦਾ ਪ੍ਰਬੰਧ ਕਰਨਾ ਹੈ,ਜੋ ਹਰੇਕ ਵਿਅਕਤੀ ਵਿੱਚ ਅੱਜ ਨੂੰ ਪੂਰੀ ਤਰ੍ਹਾਂ ਜੀਣ ਲਈ ਅਤੇ ਭਵਿਸ਼ ਦੀਆਂ ਚੁਨੌਤੀਆਂ ਦਾ ਸਾਮ੍ਹਣਾ ਕਰਨ ਲਈ ਅਧਿਆਤਮਿਕ, ਬੁੱਧੀਜੀਵੀ,ਸੁਹਜਾਤਮਕ, ਭਾਵਾਤਮਕ, ਸਮਾਜਕ ਅਤੇ ਸਰੀਰਕ ਕਾਬਲੀਅਤਾਂ ਨੂੰ ਵਿਕਸਤ ਕਰਦੀ ਹੈ, ਅਤੇ ਇੰਜ ਸਮਾਜ ਨੂੰ ਸਮਰਿਧ ਬਣਾਉਂਦੀ ਹੈ।

ਡਫਰਿਨ-ਪੀਲ ਕੈਥੋਲਿਕ ਡਿਸਟਰਿਕਟ ਸਕੂਲ ਬੋਰਡ ਪਰਮਾਤਮਾ ਦੇ ਬੱਚਿਆਂ ਅਤੇ ਇੱਕ ਲੋਕਤੰਤਰੀ ਸਮਾਜ ਦੇ ਨਾਗਰਿਕਾਂ ਵਜੋਂ ਆਪਣੇ ਸਾਰੇ ਵਿਦਿਆਰਥੀਆਂ ਦੇ ਸਤਿਕਾਰ ਵਿੱਚ ਵਿਸ਼ਵਾਸ ਰੱਖਦਾ ਹੈ। ਸਾਡੇ ਇਸਾਈ ਸਮਾਜ ਦੇ ਜਿੰਮੇਵਾਰ ਮੈਂਬਰਾਂ ਵਜੋਂ, ਅਸੀਂ ਵਿਅਕਤੀਗਤ ਬੱਚਿਆਂ ਲਈ ਅਜਿਹੇ ਪ੍ਰੋਗਰਾਮਾਂ ਦਾ ਪ੍ਰਬੰਧ ਕਰਨ ਪ੍ਰਤੀ ਵਚਨਬੱਧ ਹਾਂ, ਜੋ ਸਿੱਖਣ ਵਾਲਿਆਂ ਦੇ ਰੂਪ ਵਿੱਚ ਉਨ੍ਹਾਂ ਨੂੰ ਆਪਣੀ ਪੂਰੀ ਸੰਭਾਵਨਾ ਤੱਕ ਪਹੁੰਚਣ ਦੇ ਕਾਬਲ ਬਣਾਉਣਗੇ।

ਵਿਦਿਆਰਥੀ ਨੂੰ ਵਿਚਕਾਰ ਰੱਖਦੇ ਹੋਏ, ਖ਼ਾਸ ਸਿਖਿਅਕ ਅਤੇ ਸਹਾਰਾ ਦੇਣ ਵਾਲੀਆਂ ਸੇਵਾਵਾਂ ਦੇ ਅਮਲ ਦੀਆਂ ਜੜ੍ਹਾਂ ਘਰੇਲੂ ਸਕੂਲੀ ਸਮਾਜ ਵਿੱਚ ਹਨ। ਇਹ ਅਮਲ ਸਭ ਨੂੰ ਸ਼ਾਮਲ ਕਰਨ ਨੂੰ ਵਧਾਵਾ ਦਿੰਦਾ ਹੈ, ਪਹੁੰਚ ਵਿੱਚ ਸਹਾਇਤਾ ਕਰਦਾ ਹੈ ਅਤੇ ਭਿੰਨਤਾ ਦਾ ਆਦਰ ਕਰਦਾ ਹੈ।

ਡਫਰਿਨ-ਪੀਲ ਕੈਥੋਲਿਕ ਸਕੂਲ ਖਾਸ ਲੋੜਾਂ ਵਾਲੇ ਹੋਣ ਵਜੋਂ ਪਛਾਣ ਕੀਤੇ ਗਏ ਵਿਦਿਆਰਥੀਆਂ ਜਿਥੇ 'ਹਰੇਕ ਨੂੰ ਨਾਮ ਲੈ ਕੇ ਬੁਲਾਇਆ ਜਾਂਦਾ ਹੈ' (ਆਈਜ਼ੇਆ 43:1)ਸਮੇਤ ਸਾਰੇ ਵਿਦਿਆਰਥੀਆਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਪ੍ਰੋਗਰਾਮਾਂ ਅਤੇ ਸੇਵਾਵਾਂ ਦੇ ਵਰਨ ਕ੍ਰਮ ਦਾ ਪ੍ਰਬੰਧ ਕਰਦੇ ਹਨ। ਸਧਾਰਨ ਜਾਣਕਾਰੀ ਅਤੇ ਡਫਰਿੰਨ-ਪੀਲ ਵਿੱਚ ਉਪਲਬਧ ਪ੍ਰੋਗਰਾਮਾਂ ਅਤੇ ਸੇਵਾਵਾਂ ਬਾਰੇ ਵਿਦਿਆਰਥੀ ਸੰਬੰਧੀ ਖਾਸ ਜਾਣਕਾਰੀ ਦਾ ਪ੍ਰਬੰਧ ਹੋਮ ਸਕੂਲ ਕਰ ਸਕਦਾ ਹੈ।

ਇਹ ਗਾਇਡ ਓਨਟਾਰਿਓ ਐਜੂਕੇਸ਼ਨ ਐਕਟ ਦੇ ਅਨੁਸਾਰ, ਖਾਸ ਲੋੜਾਂ ਵਾਲੇ ਵਿਦਿਆਰਥੀਆਂ ਦੀ ਪਛਾਣ ਅਤੇ ਪਲੇਸਮੇਂਟ ਵਿੱਚ ਵਿਦਿਆਰਥੀਆਂ,ਅਤੇ/ ਜਾਂ ਮਾਪਿਆਂ/ਸਰਪਰਸਤਾਂ ਅਤੇ/ਜਾਂ ਬੋਰਡ ਦੇ ਹੱਕਾਂ ਅਤੇ ਜਿੰਮੇਵਾਰੀਆਂ ਦੀ ਰੂਪ-ਰੇਖਾ ਦਿੰਦਾ ਹੈ। ਮਾਪਿਆਂ ਨੂੰ ਇਸ ਕਿਰਿਆ ਦੇ ਸਾਰੇ ਚਰਨਾਂ ਵਿੱਚ ਸ਼ਾਮਲ ਹੋਣ ਲਈ ਉਤਸ਼ਾਹਤ ਕੀਤਾ ਜਾਂਦਾ ਹੈ।

ਡਫਰਿਨ-ਪੀਲ ਕੈਥੋਲਿਕ ਡਿਸਟਰਿਕਟ ਸਕੂਲ ਬੋਰਡ ਵਿਚਲੇ ਪ੍ਰੋਗਰਾਮਾਂ ਅਤੇ ਸੇਵਾਵਾਂ ਬਾਰੇ ਵਧੇਰੀ ਜਾਣਕਾਰੀ ਲਈ, ਕਿਰਪਾ ਕਰਕੇ www.dpcdsb.org ਤੇ ਬੋਰਡ ਦੀ ਵੈੱਬਸਾਇਟ ਤੇ ਸਪੈਸ਼ਲ ਐਜੂਕੇਸ਼ਨ ਰਿਪੋਰਟ ਦੇਖੋ।

*ਨੋਟ: ਇਸ ਗਾਇਡ ਦੀ ਵਰਤੋਂ ਕਰਦੇ ਹੋਏ, "ਪੇਰੈਂਟ" ਸ਼ਬਦ ਵਿੱਚ ਸਰਪ੍ਰਸਤ (ਗਾਰਡੀਅਨ) ਵੀ ਸ਼ਾਮਲ ਹੈ।*

## ਖਾਸ (ਅਸਧਾਰਨ) ਖਾਸ ਲੋੜਾਂ ਵਾਲਾ ਵਿਦਿਆਰਥੀ ਕੀ ਹੈ?

ਇੱਕ “ਖਾਸ” ਵਿਦਿਆਰਥੀ ਉਹ ਹੈ ਜਿਸ ਦੀਆਂ ਵਿਸ਼ੇਸ਼ ਲੋੜਾਂ ਹਨ ਅਤੇ ਜਿਸ ਨੂੰ ਖ਼ਾਸ ਸਪੈਸ਼ਲ ਪ੍ਰੋਗਰਾਮਾਂ ਦੀ ਲੋੜ ਹੈ। ਮਨਿਸਟਰੀ ਆਫ ਐਜੂਕੇਸ਼ਨ ਦੁਆਰਾ ਖਾਸੀਅਤਾਂ ਦੇ ਕਈ ਪ੍ਰਕਾਰ ਅਤੇ ਪਰਿਭਾਸ਼ਾਵਾਂ ਦਿੱਤੀਆਂ ਗਈਆਂ ਹਨ ਜੋਕਿ www.dpcdsb.org ਤੇ ਬੋਰਡ ਦੀ ਖ਼ਾਸ ਸਿਖਿਅਕ ਅਤੇ ਸਹਾਰਾ ਦੇਣ ਵਾਲੀਆਂ ਸੇਵਾਵਾਂ ਵੈੱਬਸਾਇਟ ਤੇ ਪੋਸਟ ਕੀਤੀਆਂ ਗਈਆਂ ਹਨ। ਸਕੂਲ ਤੋਂ ਇਸਦੀ ਕਾਪੀ ਪ੍ਰਾਪਤ ਕੀਤੀ ਜਾ ਸਕਦੀ ਹੈ।

## ਸਪੈਸ਼ਲ ਐਜੂਕੇਸ਼ਨ ਪ੍ਰੋਗਰਾਮ ਕੀ ਹੈ?

ਐਜੂਕੇਸ਼ਨ ਐਕਟ ਦੇ ਅਨੁਸਾਰ, ਸਪੈਸ਼ਲ ਐਜੁਕੇਸ਼ਨ ਪ੍ਰੋਗਰਾਮ,ਅਜਿਹਾ ਪ੍ਰੋਗਰਾਮ ਹੈ ਜੋ ਕਿ ਲਗਾਤਾਰ ਚੱਲਣ ਵਾਲੇ ਮੁਲਾਂਕਣ ਅਤੇ ਲੇਖੇ ਦੇ ਨਤੀਜਿਆਂ ਉੱਤੇ ਅਧਾਰਤ ਹੁੰਦਾ ਹੈ ਅਤੇ ਇਸ ਵਿੱਚ ਇੱਕ ਯੋਜਨਾ(ਇਸ ਨੂੰ ਇੰਡੀਵਿਜੂਅਲ ਐਜੁਕੇਸ਼ਨ ਪਲੈਨ ਕਿਹਾ ਜਾਂਦਾ ਹੈ)ਸ਼ਾਮਲ ਹੁੰਦੀ ਹੈ ਜਿਸ ਵਿੱਚ ਖਾਸ ਲੋੜਾਂ ਵਾਲੇ ਵਿਦਿਆਰਥੀ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਸਿੱਖਿਆ ਸੰਬੰਧੀ ਸੇਵਾਵਾਂ ਅਤੇ ਵਿਸ਼ੇਸ਼ ਟੀਚਿਆਂ ਦੀ ਰੂਪ ਰੇਖਾ ਹੁੰਦੀ ਹੈ। ਅਜਿਹੇ ਪ੍ਰੋਗਰਾਮ ਦਾ ਪ੍ਰਬੰਧ ਇੱਕ ਰੈਗੂਲਰ ਕਲਾਸ ਵਿੱਚ ਅਸਿੱਧੇ ਸਾਧਨ ਅਤੇ/ਜਾਂ ਛੱਡਣ ਵਿੱਚ ਸਹਾਇਤਾ ਦੇਣ ਨਾਲ ਕੀਤਾ ਜਾ ਸਕਦਾ ਹੈ,ਜਾਂ ਇੱਕ ਸਪੈਸ਼ਲ ਐਜੁਕੇਸ਼ਨ ਕਲਾਸ ਵਿੱਚ।

ਬੋਰਡ ਅਤੇ/ਜਾਂ ਸਕੂਲਾਂ ਦੇ ਪਰਿਵਾਰ ਦੇ ਸਤਰ ਉੱਤੇ, ਸਿੱਖਣ ਸੰਬੰਧੀ ਖਾਸ ਲੋੜਾਂ ਵਾਲਿਆਂ ਲਈ ਕਈ ਪ੍ਰਕਾਰ ਦੇ ਪ੍ਰੋਗਰਾਮ ਅਤੇ ਸੇਵਾਵਾਂ ਉਪਲਬਧ ਹਨ।

## ਸਕੂਲ ਲਈ ਕਿਹੜੀਆਂ ਸਪੈਸ਼ਲ ਐਜੁਕੇਸ਼ਨ ਸੇਵਾਵਾਂ ਉਪਲਬਧ ਹਨ?

ਸਪੈਸ਼ਲ ਐਜੁਕੇਸ਼ਨ ਸੇਵਾਵਾਂ ਨੂੰ ਐਜੂਕੇਸ਼ਨ ਐਕਟ ਵਿੱਚ ਅਮਲੇ ਸੰਬੰਧੀ ਸਹਾਰੇ ਅਤੇ ਸਮਾਨ ਸਮੇਤ ਉਨ੍ਹਾਂ ਸਹੂਲਤਾਂ ਅਤੇ ਸਾਧਨਾਂ ਦੀ ਤਰ੍ਹਾਂ ਪਰਿਭਾਸ਼ਿਤ ਕੀਤਾ ਗਿਆ ਹੈ,ਜੋ ਇੱਕ ਸਪੈਸ਼ਲ ਐਜੁਕੇਸ਼ਨ ਪ੍ਰੋਗਰਾਮ ਦੇ ਵਿਕਾਸ ਲਈ ਜਰੂਰੀ ਹਨ।

ਬੋਰਡ ਦੁਆਰਾ ਦਿੱਤੀਆਂ ਗਈਆਂ ਸਹਾਰਾ ਦੇਣ ਵਾਲੀਆਂ ਸੇਵਾਵਾਂ ਵਿੱਚ ਸ਼ਾਮਲ ਹਨ ਸਾਈਕੋਲੋਜੀ, ਸ਼ੋਸ਼ਲ ਵਰਕ, ਅਤੇ ਸਪੀਚ/ਲੈਂਗੁਏਜ ਪੈਥੋਲੋਜਿਸਟ ਸਟਾਫ।

ਸਕੂਲੀ ਸਤਰ ਤੇ, ਸਹਾਰਾ ਦੇਣ ਵਾਲੀਆਂ ਸੇਵਾਵਾਂ ਵਿੱਚ ਸਪੈਸ਼ਲ ਐਜੁਕੇਸ਼ਨ ਰਿਸੋਰਸ ਟੀਚਰ, ਅਕਾਦਮਿਕ ਰਿਸੋਰਸ ਟੀਚਰ, ਐਜੁਕੇਸ਼ਨਲ ਰਿਸੋਰਸ ਟੀਚਰ ਅਤੇ/ਜਾਂ ਚਾਇਲਡ ਐਂਡ ਯੂਥ ਵਰਕਰ ਸ਼ਾਮਲ ਹੋ ਸਕਦੇ ਹਨ।

ਉੱਪਰ ਦਿੱਤੇ ਗਿਆ ਸਾਰਾ ਸਪੈਸ਼ਲ ਐਜੁਕੇਸ਼ਨ ਅਤੇ ਸਪੋਰਟ ਸੇਵਾਵਾਂ ਸੰਬੰਧੀ ਅਮਲਾ ਉਚੱਤ ਸਪੈਸ਼ਲ ਐਜੁਕੇਸ਼ਨ ਪ੍ਰੋਗਰਾਮ ਅਤੇ ਸੇਵਾਵਾਂ ਵਿਕਸਤ ਕਰਨ ਵਿੱਚ ਸਹਾਇਤਾ ਲਈ ਮਿਲ ਕੇ ਕੰਮ ਕਰ ਸਕਦਾ ਹੈ।ਜਿਥੇ ਲੋੜ ਹੋਏ,ਆਈਟਿਨੀਰੈਂਟ ਸਪੈਸ਼ਲ ਐਜੁਕੇਸ਼ਨ ਰਿਸੋਰਸ ਟੀਚਰਾਂ ਕੋਲੋਂ ਸੁਣਨ ਵਿੱਚ ਹਾਨੀਆਂ,ਦੇਖਣ ਵਿੱਚ ਹਾਨੀਆਂ,ਔਟੀਜ਼ਮ,ਵਿਵਹਾਰ, ਸਰੀਰਕ/ਚਕਿਤਸਕੀ ਲੋੜਾਂ ਅਤੇ/ਜਾਂ ਇੱਕ ਥਾਂ ਤੋਂ ਦੂਜੀ ਥਾਂ ਬਦਲੀ ਹੋ ਰਹੇ ਵਿਦਿਆਰਥੀਆਂ ਲਈ ਸੇਵਾਵਾਂ ਉਪਲਬਧ ਹਨ।

## ਇਹ ਫੈਸਲਾ ਕੌਣ ਕਰਦਾ ਹੈ ਕਿ ਵਿਦਿਆਰਥੀ ਖਾਸ ਲੋੜਾਂ ਵਾਲਾ ਹੈ?

ਬੋਰਡ ਦਾ ਇਹ ਫੈਸਲਾ ਕਿ ਵਿਦਿਆਰਥੀ ਖਾਸ ਲੋੜਾਂ ਵਾਲਾ ਹੈ, ਬੋਰਡ ਵਲੋਂ ਨਿਯੁਕਤ ਆਈਡੇਨਟੀਫੀਕੇਸ਼ਨ,ਪਲੇਸਮੈਂਟ ਐਂਡ ਰਿਵਿਯੂ ਕਮੇਟੀ ਦੁਆਰਾ ਲਿਆ ਜਾਂਦਾ ਹੈ। ਇਸ ਕਮੇਟੀ ਨੂੰ ਆਮਤੌਰ ਉੱਤੇ ਆਈ ਪੀ ਆਰ ਸੀ (IPRC) ਕਿਹਾ ਜਾਂਦਾ ਹੈ।

## ਇੱਕ ਆਈ ਪੀ ਆਰ ਸੀ (IPRC) ਕੀ ਹੈ ?

ਐਜੂਕੇਸ਼ਨ ਐਕਟ ਦੇ ਅਧਿਨਿਯਮ 181/98 ਅਨੁਸਾਰ ਸਾਰੇ ਸਕੂਲ ਬੋਰਡ ਆਈ ਪੀ ਆਰ ਸੀ(ਆਂ) ਦਾ ਗਠਨ ਕਰਨ। ਇੱਕ ਆਈ ਪੀ ਆਰ ਸੀ ਘੱਟੋ ਘੱਟ ਤਿੰਨ ਵਿਅਕਤੀਆਂ ਦੀ ਬਣੀ ਹੋਣੀ ਚਾਹੀਦੀ ਹੈ, ਜਿੰਨਾਂ ਵਿੱਚੋਂ ਇੱਕ ਪ੍ਰਿੰਸੀਪਲ ਜਾਂ ਬੋਰਡ ਦਾ ਨਿਰੀਖਕ ਅਫਸਰ ਹੋਣਾ ਚਾਹੀਦਾ ਹੈ। ਹੋਰ ਮੈਂਬਰਾਂ ਵਿੱਚ ਇੱਕ ਮਸ਼ਵਰਾ ਦੇਣ ਵਾਲਾ ਮਨੋਵਿਗਿਆਨਕ ,ਇੱਕ ਮਸ਼ਵਰਾ ਦੇਣ ਵਾਲਾ ਸਾਇਕੈਟਰਿਸਟ,ਇੱਕ ਵਾਇਸ – ਪ੍ਰਿੰਸੀਪਲ ਜਾਂ ਅਧਿਆਪਕ ਹੋਣਾ ਚਾਹੀਦਾ ਹੈ।

ਆਈ ਪੀ ਆਰ ਸੀ: ਆਈਡੇਨਟੀਫਾਏ, ਪਲੇਸ ਅਤੇ ਰਿਵਿਯੂ ਕਰੇਗੀ।

ਆਈ **(I)** ਫੈਸਲਾ ਕਰਨਾ ਕਿ ਕੀ ਤੁਹਾਡੇ ਬੱਚੇ ਦੀ ਪਛਾਣ ਖਾਸ ਲੋੜਾਂ ਵਾਲੇ ਵਿਦਿਆਰਥੀ ਦੀ ਤਰ੍ਹਾਂ ਕੀਤੀ ਜਾਏ ਜਾਂ ਨਹੀਂ; ਮਨਿਸਟਰੀ ਆਫ ਐਜੁਕੇਸ਼ਨ ਦੁਆਰਾ ਦਿਤੀਆਂ ਗਈਆਂ ਖਾਸੀਅਤਾਂ ਦੀਆਂ ਕਿਸਮਾਂ ਅਤੇ ਪਰਿਭਾਸ਼ਾਵਾਂ ਦੇ ਅਨੁਸਾਰ ਤੁਹਾਡੇ ਬੱਚੇ ਦੀ ਖਾਸ ਲੋੜ ਦੇ ਖੇਤਰਾਂ ਦੀ ਪਛਾਣ ਕਰਨਾ

ਪੀ **(P)** ਤੁਹਾਡੇ ਬੱਚੇ ਲਈ ਉਚੱਤ ਪਲੇਸਮੈਂਟ ਦਾ ਫੈਸਲਾ ਕਰਨਾ

ਆਰ **(R)** ਹਰ ਸਕੂਲੀ ਸਾਲ ਵਿੱਚ ਘੱਟੋ ਘੱਟ ਇੱਕ ਵਾਰੀ ਆਈਡੇਨਟੀਫੀਕੇਸ਼ਨ ਅਤੇ ਪਲੇਸਮੈਂਟ ਦੀ ਸਮੀਖਿਆ ਕਰਨਾ

## ਇੱਕ ਵਿਦਿਆਰਥੀ ਨੂੰ ਆਈ ਪੀ ਆਰ ਸੀ ਕੋਲ ਭੇਜੇ ਜਾਣ ਤੋਂ ਪਹਿਲਾਂ ਕੀ ਹੁੰਦਾ ਹੈ?

ਸਕੂਲ ਨੇ ਵਿਦਿਆਰਥੀ ਦੀਆਂ ਖਾਸ ਲੋੜਾਂ ਦੀ ਪਛਾਣ ਕਰ ਲਈ ਹੋਏਗੀ ਅਤੇ ਸਧਾਰਨ ਪ੍ਰੋਗਰਾਮ ਨੂੰ ਵਿਦਿਆਰਥੀ ਦੀਆਂ ਵਿਅਕਤੀਗਤ ਲੋੜਾਂ ਨੂੰ ਪੂਰਾ ਕਰਨ ਵਾਸਤੇ ਅਨੁਕੂਲ ਬਣਾਉਣ ਦੀ ਕੋਸ਼ਿਸ਼ ਕਰਨ ਲਈ ਅਧਿਆਪਕ ਲਈ ਸਹਾਇਤਾ ਦਾ ਪ੍ਰਬੰਧ ਕੀਤਾ ਹੋਏਗਾ। ਜੇ, ਇੰਨਾਂ ਅਨੁਕੂਲਤਾਵਾਂ ਦੇ ਨਾਲ, ਵਿਦਿਆਰਥੀ ਆਪਣੀ ਕਾਬਲੀਅਤ ਅਤੇ ਗਰੇਡ ਪਲੇਸਮੈਂਟ ਦੇ ਅਨੁਸਾਰ ਪ੍ਰਾਪਤੀਆਂ ਨਹੀਂ ਕਰ ਰਿਹਾ ਹੈ,ਤਾਂ ਸਟਾਫ ਵਲੋਂ ਸਹਾਰੇ ਦੇ ਨਾਲ ਹੋਰ ਜਿਆਦਾ ਅਹਿਮ ਲਿਹਾਜ਼ ਅਤੇ/ਜਾਂ ਬਦਲਾਵਾਂ ਦੀ ਲੋੜ ਹੋ ਸਕਦੀ ਹੈ। ਸੰਭਵ ਹੈ ਕਿ ਇਸ ਕਿਰਿਆ ਦੇ ਹਿੱਸੇ ਵਜੋਂ ਇੱਕ ਇੰਡੀਵਿਜੂਅਲ ਐਜੁਕੇਸ਼ਨ ਪਲੈਨ(IEP) ਵਿਕਸਤ ਕੀਤੀ ਜਾਏ।

## ਇੱਕ ਇੰਡੀਵਿਜੁਅਲ ਐਜੁਕੇਸ਼ਨ ਪਲੈਨ (IEP) ਕੀ ਹੈ

ਆਈ ਈ ਪੀ (IEP) ਇੱਕ ਲਿਖਤੀ ਯੋਜਨਾ ਹੈ ਜੋ ਵਿਦਿਆਰਥੀ ਦੀਆਂ ਤਾਕਤਾਂ ਅਤੇ ਲੋੜਾਂ ਅਤੇ ਵਿਦਿਆਰਥੀ ਦੀਆਂ ਲੋੜਾਂ ਨੂੰ ਪੂਰਾ ਕਰਨ ਵਾਸਤੇ ਸਥਾਪਤ ਕੀਤਾ ਗਏ ਸਪੈਸ਼ਲ ਐਜੁਕੇਸ਼ਨ ਪ੍ਰੋਗਰਾਮਾਂ ਅਤੇ ਸੇਵਾਵਾਂ ਬਾਰੇ ਦਸਦੀ ਹੈ। ਆਈ ਈ ਪੀ (IEP) ਮਾਪਿਆਂ, ਅਧਿਆਪਕਾਂ ਅਤੇ ਵਿਦਿਆਰਥੀ ਦੇ ਨਾਲ ਸ਼ਾਮਲ ਹੋਰ ਲੋਕਾਂ ਲਈ ਮੌਕੇ ਉਤਪੰਨ ਕਰਦੀ ਹੈ ਕਿ ਉਹ ਸਿੱਖਿਆ ਸੰਬੰਧੀ ਵਿਕਤੀਗਤ ਲੋੜਾਂ ਦੀ ਪਛਾਣ ਕਰਨ ਅਤੇ ਇੰਨਾਂ ਲੋੜਾਂ ਨੂੰ ਸੰਬੋਧਤ ਕਰਨ ਲਈ ਖਾਸ ਕਾਰਜਪ੍ਰਣਾਲੀਆਂ ਅਤੇ/ਜਾਂ ਬਦਲਾਵ ਵਿਕਸਤ ਕਰਨ ਲਈ ਨਾਲ ਮਿਲ ਕੇ ਕੰਮ ਕਰਨ।
ਆਈ ਈ ਪੀ (IEP) ਵਿੱਚ ਸ਼ਾਮਲ ਹਨ:

- ਸਿੱਖਿਆ ਸੰਬੰਧੀ ਖਾਸ ਆਸਾਂ
- ਉਨ੍ਹਾਂ ਸਪੈਸ਼ਲ ਐਜੁਕੇਸ਼ਨ ਪ੍ਰੋਗਰਾਮਾਂ ਅਤੇ ਸੇਵਾਵਾਂ ਦੀ ਰੂਪ ਰੇਖਾ ਜਿੰਨਾਂ ਦਾ ਪ੍ਰਬੰਧ ਕੀਤਾ ਜਾਏਗਾ
- ਉਨ੍ਹਾਂ ਤਰੀਕਿਆਂ ਬਾਰੇ ਬਿਆਨ ਜਿੰਨਾਂ ਰਾਹੀਂ ਬੱਚੇ ਦੀ ਤਰੱਕੀ ਦੀ ਸਮੀਖਿਆ ਕੀਤੀ ਜਾਏਗੀ
- 14 ਸਾਲ ਅਤੇ ਉਸ ਤੋਂ ਵੱਧ ਉਮਰ ਦੇ ਵਿਦਿਆਰਥੀਆਂ (ਖਾਸ ਕਾਬਲੀਅਤਾਂ ਦੇ ਅਧਾਰ ਉੱਤੇ ਪਛਾਣੇ ਗਏ ਵਿਦਿਆਰਥੀਆਂ ਦੇ ਸਿਵਾਏ), ਲਈ ਉਚੱਤ ਪੋਸਟ ਸਿਕੰਡਰੀ ਗਤੀਵਿਧੀਆਂ, ਜਿਵੇਂ ਕਿ ਕੰਮ,ਹੋਰ ਪੜ੍ਹਾਈ, ਅਤੇ/ਜਾਂ ਸਮਾਜ ਵਿੱਚ ਰਹਿਣਾ, ਵਿੱਚ ਤਬਦੀਲੀ ਦੀ ਯੋਜਨਾ

ਆਈ ਈ ਪੀ (IEP) ਦਾ ਵਿਕਾਸ ਕਰਨ ਸਮੇਂ ਪ੍ਰਿੰਸੀਪਲ ਮਾਪਿਆਂ ਅਤੇ ਵਿਦਿਆਰਥੀ(ਜੇ ਉਹ 16 ਸਾਲ ਜਾਂ ਉਸ ਤੋਂ ਵੱਧ ਉਮਰ ਦਾ/ਦੀ ਹੈ)ਦੇ ਨਾਲ ਸਲਾਹ ਮਸ਼ਵਰਾ ਕਰੇਗਾ/ਗੀ ਅਤੇ ਆਈ ਪੀ ਆਰ ਸੀ ਜਾਂ ਸਪੈਸ਼ਲ ਐਜੁਕੇਸ਼ਨ ਟ੍ਰਾਈਬਿਯੂਨਲ ਦੁਆਰਾ ਕੀਤੀਆਂ ਗਈਆਂ ਕੋਈ ਵੀ ਸਿਫਾਰਸ਼ਾਂ ਦਾ ਖਿਆਲ ਰਖੇਗਾ/ਗੀ।

ਅਧਿਨਿਯਮ 181/98 ਮੰਗਦੀ ਹੈ ਕਿ ਖਾਸ ਲੋੜਾਂ ਵਾਲੇ ਸਾਰੇ ਵਿਦਿਆਰਥੀਆਂ ਲਈ ਵਿਦਿਆਰਥੀ ਦੇ ਪ੍ਰੋਗਰਾਮ ਵਿੱਚ ਦਾਖਲ ਕੀਤੇ ਜਾਣ ਦੇ 30 ਸਕੂਲੀ ਦਿਨਾਂ ਦੇ ਅੰਦਰ ਇੱਕ ਆਈ ਈ ਪੀ (IEP) ਦਾ ਵਿਕਾਸ ਕੀਤਾ ਜਾਏ। ਪ੍ਰਿੰਸੀਪਲ ਇਹ ਸੁਨਿਸ਼ਚਿਤ ਕਰੇਗਾ/ਗੀ ਕਿ ਯੋਜਨਾ ਪੂਰੀ ਕੀਤੀ ਜਾਂਦੀ ਹੈ ਅਤੇ ਉਸ ਦੀ ਕਾਪੀ ਵਿਦਿਆਰਥੀ ਦੇ ਮਾਂ/ਪਿਓ ਨੂੰ ਅਤੇ/ਜਾਂ ਜੇ ਵਿਦਿਆਰਥੀ 16 ਸਾਲ ਜਾਂ ਉਸ ਤੋਂ ਵੱਧ ਉਮਰ ਦਾ/ਦੀ ਹੈ,ਵਿਦਿਆਰਥੀ ਨੂੰ।

## ਆਈ ਪੀ ਆਰ ਸੀ ਮੀਟਿੰਗ ਲਈ ਬੇਨਤੀ ਕਿਵੇਂ ਕੀਤੀ ਜਾਂਦੀ ਹੈ?

ਜਦੋਂ ਪ੍ਰਿੰਸੀਪਲ ਅਤੇ ਸਕੂਲੀ ਟੀਮ ਇਹ ਮੰਨਦੀ ਹੈ ਕਿ ਵਿਦਿਆਰਥੀ ਨੂੰ ਸਪੈਸ਼ਲ ਐਜੁਕੇਸ਼ਨ ਪ੍ਰੋਗਰਾਮ ਤੋਂ ਫਾਇਦਾ ਹੋ ਸਕਦਾ ਹੈ ਜਾਂ ਜਦੋਂ ਕੋਈ ਮਾਂ/ਪਿਓ ਲਿਖਤੀ ਤੌਰ ਤੇ ਆਈ ਪੀ ਆਰ ਸੀ ਮੀਟਿੰਗ ਲਈ ਬੇਨਤੀ ਕਰਦੇ ਹਨ,ਪ੍ਰਿੰਸੀਪਲ ਵਿਦਿਆਰਥੀ ਨੂੰ ਆਈ ਪੀ ਆਰ ਸੀ ਕੋਲ ਇਹ ਫੈਸਲਾ ਕਰਨ ਲਈ ਭੇਜੇਗਾ/ਗੀ ਕਿ ਕੀ ਵਿਦਿਆਰਥੀ ਦੀ ਪਛਾਣ ਖਾਸ ਲੋੜਾਂ ਵਾਲੇ ਵਿਦਿਆਰਥੀ ਦੀ ਤਰ੍ਹਾਂ ਕੀਤੀ ਜਾਏ ਜਾਂ ਨਹੀਂ ਅਤੇ, ਜੇ ਅਜਿਹਾ ਹੈ ਤਾਂ ਵਿਦਿਆਰਥੀ ਲਈ ਉੱਚਤ ਪਲੇਸਮੈਂਟ ਨਿਰਧਾਰਤ ਕੀਤੀ ਜਾਏ।

ਮਾਂ/ਪਿਓ ਕੋਲੋਂ ਬੇਨਤੀ ਪ੍ਰਾਪਤ ਹੋਣ ਤੋਂ 15 ਦਿਨ ਦੇ ਅੰਦਰ,ਜਾਂ ਆਈ ਪੀ ਆਰ ਸੀ ਦੇ ਨੋਟਿਸ ਦੇਣ ਦੇ ਬਾਦ,ਪ੍ਰਿੰਸੀਪਲ ਮਾਂ/ਪਿਓ ਨੂੰ ਇਸ "ਪੇਰੇਂਟਸ ਗਾਇਡ ਟੂ ਸਪੈਸ਼ਲ ਐਜੁਕੇਸ਼ਨ" ਦੀ ਕਾਪੀ ਦੇਵੇਗਾ/ਗੀ, ਜਿਸ ਵਿੱਚ ਇਹ ਦਸਦੇ ਹੋਏ ਲਿਖਤੀ ਬਿਆਨ ਹੋਏਗਾ ਕਿ ਪ੍ਰਿੰਸੀਪਲ ਕੀ ਆਸ ਕਰਦਾ/ਕਰਦੀ ਹੈ ਕਿ ਆਈ ਪੀ ਆਰ ਸੀ ਕਦੋਂ ਮਿਲੇਗੀ ਅਤੇ ਮਾਂ/ਪਿਓ ਦੀ ਲਿਖਤੀ ਬੇਨਤੀ(ਜੇ ਉਹ ਦਾਖਲ ਕੀਤੀ ਗਈ ਸੀ) ਦੀ ਰਸੀਦ।

## ਮਾਂ/ਪਿਓ ਦੀ ਤਰ੍ਹਾਂ ਆਈ ਪੀ ਆਰ ਸੀ ਵਿੱਚ ਮੇਰੀ ਕੀ ਭੂਮਿਕਾ ਹੈ?

ਤੁਹਾਨੂੰ ਚਰਚਾ ਵਿੱਚ ਭਾਗ ਲੈਣ ਅਤੇ ਜਾਣਕਾਰੀ ਦਾ ਯੋਗਦਾਨ ਦੇਣ ਲਈ ਤੁਹਾਨੂੰ ਆਈ ਪੀ ਆਰ ਸੀ ਵਿੱਚ ਮੌਜੂਦ ਹੋਣ ਲਈ ਸੱਦਾ ਦਿੱਤਾ ਜਾਂਦਾ ਹੈ। 16 ਸਾਲ ਜਾਂ ਉਸ ਤੋਂ ਵੱਧ ਉਮਰ ਦੇ ਵਿਦਿਆਰਥੀ ਵੀ ਆਈ ਪੀ ਆਰ ਸੀ ਵਿੱਚ ਭਾਗ ਲੈ ਸਕਦੇ ਹਨ। ਇੱਕ ਦੋਸਤ,ਰਿਸ਼ਤੇਦਾਰ, ਜਾਂ ਤੁਹਾਡੀ ਪਸੰਦ ਦਾ ਕੋਈ ਵਿਅਕਤੀ ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਸਹਾਰਾ ਦੇਣ ਲਈ, ਤੁਹਾਡੇ ਜਾਂ ਤੁਹਾਡੇ ਬੱਚੇ ਵਲੋਂ ਬੋਲਣ ਲਈ ਅਤੇ ਫੈਸਲਾ ਲਏ ਜਾਣ ਸਮੇਂ ਮੀਟਿੰਗ ਵਿੱਚ ਮੌਜੂਦ ਹੋ ਸਕਦਾ ਹੈ।

## ਆਈ ਪੀ ਆਰ ਸੀ ਵਿੱਚ ਹੋਰ ਕੌਣ ਹਿੱਸਾ ਲੈ ਸਕਦਾ ਹੈ?

ਤੁਸੀਂ ਜਾਂ ਤੁਹਾਡੇ ਬੱਚੇ ਦੇ ਸਕੂਲ ਦਾ/ਦੀ ਪ੍ਰਿੰਸੀਪਲ ਆਈ ਪੀ ਆਰ ਸੀ ਮੀਟਿੰਗ ਵਿੱਚ ਦੂਸਰੇ ਲੋਕਾਂ ਦੀ ਉਪਸਥਿਤੀ ਲਈ ਬੇਨਤੀ ਕਰ ਸਕਦੇ ਹੋ।

## ਮਾਪਿਆਂ ਨੂੰ ਆਈ ਪੀ ਆਰ ਸੀ ਮੀਟਿੰਗ ਬਾਰੇ ਕੀ ਜਾਣਕਾਰੀ ਮਿਲੇਗੀ?

ਮੀਟਿੰਗ ਤੋਂ ਘੱਟੋ ਘੱਟ 10 ਦਿਨ ਪਹਿਲਾਂ,ਤੁਹਾਨੂੰ ਮੀਟਿੰਗ ਦੀ ਲਿਖਤੀ ਸੂਚਨਾ ਦਿੱਤੀ ਜਾਏਗੀ ਅਤੇ ਤੁਹਾਨੂੰ ਭਾਗ ਲੈਣ ਲਈ ਸੱਦਾ ਦਿੱਤਾ ਜਾਏਗਾ। ਇਹ ਚਿੱਠੀ ਤੁਹਾਨੂੰ ਮਿਤੀ, ਸਮੇਂ ਅਤੇ ਮੀਟਿੰਗ ਦੀ ਜਗ੍ਹਾ ਦੀ ਸੂਚਨਾ ਦੇਵੇਗੀ. ਅਤੇ ਤੁਹਾਨੂੰ ਦੱਸਣ ਲਈ ਕਹੇਗੀ ਕਿ ਤੁਸੀਂ ਮਾਂ/ਪਿਓ, ਅਤੇ ਜੇ ਵਿਦਿਆਰਥੀ 16 ਸਾਲ ਜਾਂ ਉਸ ਤੋਂ ਵੱਧ ਉਮਰ ਦਾ/ਦੀ ਹੈ,ਵਿਦਿਆਰਥੀ ਮੌਜੂਦ ਹੋਵੋਗੇ ਕਿ ਨਹੀਂ।

ਤੁਸੀਂ ਅਤੇ/ਜਾਂ ਵਿਦਿਆਰਥੀ, ਜੇ ਵਿਦਿਆਰਥੀ 16 ਸਾਲ ਜਾਂ ਉਸ ਤੋਂ ਵੱਧ ਉਮਰ ਦਾ/ਦੀ ਹੈ, ਨੂੰ ਤੁਹਾਡੇ ਬੱਚੇ ਬਾਰੇ ਕਿਸੇ ਵੀ ਜਾਣਕਾਰੀ ਦੀ ਕਾਪੀ ਮਿਲੇਗੀ ਜੋ ਆਈ ਪੀ ਆਰ ਸੀ ਦੇ ਮੁਖੀ (ਚੇਅਰ) ਨੂੰ ਪ੍ਰਾਪਤ ਹੋਈ ਹੈ। ਇਹ ਮੀਟਿੰਗ ਵਿੱਚ ਜ਼ੁਬਾਨੀ ਦਾਖਲ ਕੀਤੀ ਗਈ ਕਿਸੇ ਜਾਣਕਾਰੀ ਤੇ ਲਾਗੂ ਨਹੀਂ ਹੁੰਦੀ।

## ਆਈ ਪੀ ਆਰ ਸੀ ਕਿਹੜੀਆਂ ਬਿਧੀਆਂ ਦੀ ਪਾਲਣਾ ਕਰਦੀ ਹੈ?

ਆਈ ਪੀ ਆਰ ਸੀ ਦੇ ਫੈਸਲੇ ਹੇਠਾਂ ਦਿੱਤੀਆਂ ਚੀਜ਼ਾਂ ਉੱਤੇ ਗੌਰ ਕਰਨ ਤੋਂ ਬਾਦ ਲਏ ਜਾਂਦੇ ਹਨ :

- ਵਿਦਿਆਰਥੀ ਦਾ ਸਿੱਖਿਆ ਸੰਬੰਧੀ ਮੁਲਾਂਕਣ;
- ਜੇ ਲੋੜ ਹੋਏ,ਮਾਪਿਆਂ ਦੀ ਮਨਜ਼ੂਰੀ ਦੇ ਨਾਲ, ਇੱਕ ਕਾਬਲ ਚਕਿਤਸਕੀ ਮਾਹਰ ਦੁਆਰਾ ਸਿਹਤ ਸੰਬੰਧੀ ਮੁਲਾਂਕਣ;
- ਜਦੋਂ ਲੋੜ ਹੋਏ,ਮਾਪਿਆਂ ਦੀ ਮਨਜ਼ੂਰੀ ਦੇ ਨਾਲ, ਇੱਕ ਮਾਨਸਿਕ ਮੁਲਾਂਕਣ;
- ਜੇ ਸੰਭਵ ਹੋਏ ਅਤੇ ਜੇ ਵਿਦਿਆਰਥੀ 16 'ਲ ਦੀ ਉਮਰ ਤੋਂ ਘੱਟ ਹੈ ਤਾਂ ਮਾਪਿਆਂ ਦੀ ਮਨਜ਼ੂਰੀ ਦੇ ਨਾਲ ਵਿਦਿਆਰਥੀ ਦੇ ਨਾਲ ਇੰਟਰਵਿਊ;
- ਮਾਂ/ਪਿਓ ਨਾਲ ਇੰਟਰਵਿਊ ਸਿਵਾਏ ਇਸ ਦੇ ਕਿਉ ਉਹ ਇਹ ਹੱਕ ਛੱਡ ਦੇਣ;
- ਅਜਿਹੀ ਕੋਈ ਵੀ ਜਾਣਕਾਰੀ ਜੋ ਸੰਭਵ ਹੈ ਕਿ ਮਾਂ/ਪਿਓ ਵਿਦਿਆਰਥੀ ਬਾਰੇ ਦਾਖਲ ਕਰਨ ਜਾਂ ਜੇ ਵਿਦਿਆਰਥੀ 16 ਸਾਲ ਦੀ ਉਮਰ ਤੋਂ ਵੱਧ ਹੈ ਤਾਂ ਉਹ ਦਾਖਲ ਕਰੇ;
- ਆਈ ਪੀ ਆਰ ਸੀ ਨੂੰ ਦਿੱਤੀ ਗਈ ਕੋਈ ਵੀ ਅਜਿਹੀ ਜਾਣਕਾਰੀ ਜਿਸ ਨੂੰ ਉਹ ਢੁੱਕਵੀ ਸਮਝੇ।

## ਆਈ ਪੀ ਆਰ ਸੀ ਪਲੇਸਮੈਂਟ ਸੰਬੰਧੀ ਫੈਸਲਾ ਲੈਣ ਵਿੱਚ ਕਿਸ ਚੀਜ਼ ਉੱਤੇ ਗੌਰ ਕਰੇਗੀ?

ਆਈ ਪੀ ਆਰ ਸੀ ਨੂੰ ਇਸ ਚੀਜ਼ ਉੱਤੇ ਗੌਰ ਕਰਨਾ ਪਏਗਾ ਕਿ ਕੀ ਉਚੱਤ ਸਪੈਸ਼ਲ ਐਜੂਕੇਸ਼ਨ ਸੇਵਾਵਾਂ ਦੇ ਨਾਲ ਰੈਗੁਲਰ ਕਲਾਸ ਵਿੱਚ ਪਲੇਸਮੈਂਟ ਵਿਦਿਆਰਥੀ ਦੀਆਂ ਲੋੜਾਂ ਨੂੰ ਪੂਰਾ ਕਰੇਗੀ ਅਤੇ ਨਾਲ ਹੀ ਮਾਪਿਆਂ ਦੀਆਂ ਪਸੰਦਾਂ ਦੇ ਸਮਾਨ ਹੋਣਗੇ ਕਿ ਨਹੀਂ। ਜੇ ਇਸ ਸੋਚ ਵਿਚਾਰ ਤੋਂ ਬਾਦ ਕਮੇਟੀ ਇਹ ਸੋਚਦੀ ਹੈ ਕਿ ਇਹ ਉੱਚਤ ਹੈ,ਕਮੇਟੀ ਵਿਦਿਆਰਥੀ ਨੂੰ ਉਚੱਤ ਸਪੈਸ਼ਲ ਐਜੂਕੇਸ਼ਨ ਸੇਵਾਵਾਂ ਦੇ ਨਾਲ ਰੈਗੁਲਰ ਕਲਾਸ ਵਿੱਚ ਰੱਖਣ ਦਾ ਫੈਸਲਾ ਕਰੇਗੀ। ਇਸ ਵਿੱਚ ਸਧਾਰਨ ਕਲਾਸ ਵਿੱਚ ਇੱਕ ਆਈ ਈ ਪੀ ਦਾ ਵਿਕਾਸ ਸ਼ਾਮਲ ਹੋਏਗੀ। ਜੇ ਕਮੇਟੀ ਇਹ ਫੈਸਲਾ ਕਰਦੀ ਹੈ ਕਿ ਵਿਦਿਆਰਥੀ ਨੂੰ ਸਪੈਸ਼ਲ ਐਜੂਕੇਸ਼ਨ ਕਲਾਸ ਵਿੱਚ ਰੱਖਿਆ ਜਾਣਾ ਚਾਹੀਦਾ ਹੈ ਤਾਂ ਪ੍ਰੋਗਰਾਮ ਵਿੱਚ ਵਿਦਿਆਰਥੀ ਨੂੰ ਸਹਾਰਾ ਦੇਣ ਲਈ ਇੱਕ ਆਈ ਈ ਪੀ ਦਾ ਵਿਕਸਤ ਕੀਤੀ ਜਾਏਗੀ।

## ਆਈ ਪੀ ਆਰ ਸੀ ਦੇ ਫੈਸਲੇ ਦੀ ਸਟੇਟਮੈਂਟ ਵਿੱਚ ਕੀ ਸ਼ਾਮਲ ਹੋਏਗਾ?

ਆਈਡੇਨਟੀਫੀਕੇਸ਼ਨ,ਪਲੇਸਮੈਂਟ ਐਂਡ ਰਿਵਿਯੂ ਕਮੇਟੀ ਦੇ ਫੈਸਲੇ ਦੀ ਸਟੇਟਮੈਂਟ ਵਿੱਚ ਇਹ ਸ਼ਾਮਲ ਹੁੰਦੇ ਹਨ:

- ਕਿ ਕੀ ਆਈ ਪੀ ਆਰ ਸੀ ਨੇ ਵਿਦਿਆਰਥੀ ਦੀ ਪਛਾਣ ਖਾਸ ਲੋੜਾਂ ਵਾਲੇ ਵਿਦਿਆਰਥੀ ਦੇ ਤਰ੍ਹਾਂ ਕੀਤੀ ਹੈ;
- ਆਈ ਪੀ ਆਰ ਸੀ ਨੇ ਕਿਥੇ ਵਿਦਿਆਰਥੀ ਦੀ ਪਛਾਣ ਖਾਸ ਲੋੜਾਂ ਵਾਲੇ ਵਿਦਿਆਰਥੀ ਦੇ ਤਰ੍ਹਾਂ ਕੀਤੀ ਹੈ,
    - ਏ) ਪਛਾਣ ਕੀਤੀਆਂ ਗਈਆਂ ਖਾਸੀਅਤਾਂ ਦੀਆਂ ਕੋਈ ਕਿਸਮਾਂ ਅਤੇ ਪਰਿਭਾਸ਼ਾਵਾਂ ਜਿਵੇਂ ਉਹ ਮਨਿਸਟਰੀ ਆਫ ਐਜੁਕੇਸ਼ਨ ਦੁਆਰਾ ਪਰਿਭਾਸ਼ਤ ਦਿੱਤੀਆਂ ਗਈਆਂ ਹਨ;
    - ਬੀ) ਵਿਦਿਆਰਥੀ ਦੀਆਂ ਤਾਕਤਾਂ ਅਤੇ ਲੋੜਾਂ ਵਰਣਨ;
    - ਸੀ) ਪਲੇਸਮੈਂਟ ਦਾ ਫੈਸਲਾ;
    - ਡੀ) ਸਪੈਸ਼ਲ ਐਜੂਕੇਸ਼ਨ ਪ੍ਰੋਗਰਾਮ ਅਤੇ ਸਪੈਸ਼ਲ ਐਜੂਕੇਸ਼ਨ ਸੇਵਾਵਾਂ ਸੰਬੰਧੀ ਸਿਫਾਰਸ਼ਾਂ;
- ਆਈ ਪੀ ਆਰ ਸੀ ਨੇ ਕੀ ਫੈਸਲਾ ਕੀਤਾ ਹੈ ਕਿ ਵਿਦਿਆਰਥੀ ਨੂੰ ਕਿਥੇ ਸਪੈਸ਼ਲ ਐਜੂਕੇਸ਼ਨ ਕਲਾਸ ਵਿੱਚ ਰੱਖਿਆ ਜਾਏਗਾ, ਉਸ ਫੈਸਲੇ ਲਈ ਕਾਰਣ।
- ਆਈ ਪੀ ਆਰ ਸੀ ਦਾ ਮੁਖੀ (ਚੇਅਰ) ਫੈਸਲੇ ਦਾ ਲਿਖਤੀ ਬਿਆਨ ਇੰਨਾਂ ਨੂੰ ਭੇਜਣਗੇ:
    - ਏ) ਵਿਦਿਆਰਥੀ ਦੇ ਮਾਂ/ਪਿਓ ਨੂੰ;
    - ਬੀ) ਵਿਦਿਆਰਥੀ, ਜਿਥੇ ਵਿਦਿਆਰਥੀ 16 ਸਾਲ ਜਾਂ ਉਸ ਤੋਂ ਵੱਧ ਉਮਰ ਦਾ ਹੈ;
    - ਸੀ) ਪ੍ਰਿੰਸੀਪਲ,(ਜੇ ਉਸ ਨੇ ਭੇਜਿਆ ਹੈ);
    - ਡੀ) ਬੋਰਡ ਦਾ ਡਾਇਰੈਕਟਰ ਆਫ ਐਜੁਕੇਸ਼ਨ।

## ਜੇ ਮੈਂ ਆਈ ਪੀ ਆਰ ਸੀ ਦੇ ਫੈਸਲੇ ਨਾਲ ਅਸਹਿਮਤ ਹੋ ਤਾਂ ਮੈਂ ਕੀ ਕਰ ਸਕਦਾ/ਦੀ ਹਾਂ?

ਇੱਕ ਮਾਂ/ਪਿਓ ਜਿਸ ਨੂੰ ਫੈਸਲਾ ਪ੍ਰਾਪਤ ਹੋਇਆ ਹੈ ਆਈ ਪੀ ਆਰ ਸੀ ਦੇ ਨਾਲ ਮੀਟਿੰਗ ਦੀ ਬੇਨਤੀ ਕਰ ਸਕਦਾ ਹੈ ਅਤੇ ਅਜਿਹਾ ਪ੍ਰਿੰਸੀਪਲ ਨੂੰ ਲਿਖਤੀ ਫੈਸਲੇ ਦੇ ਪ੍ਰਾਪਤ ਹੋਣ ਦੇ 15 ਦਿਨ ਦੇ ਅੰਦਰ ਲਿਖਤੀ ਰੂਪ ਵਿੱਚ ਕਰਨਾ ਜਰੂਰੀ ਹੈ।

ਕਿਰਪਾ ਕਰਕੇ ਨੋਟ ਕਰੋ: ਇੱਕ ਵਾਰੀ ਵਿਦਿਆਰਥੀ ਦੇ ਪ੍ਰਦਰਸ਼ਨ ਸਕੂਲ ਨੂੰ ਛੱਡ ਦੇਣ ਦੇ ਬਾਦ ਅਤੇ ਵਿਦਿਆਰਥੀ ਦੀ ਪਲੇਸਮੈਂਟ ਸੰਬੰਧੀ ਫੈਸਲੇ ਲਈ ਉਸ ਨੂੰ ਆਈ ਪੀ ਆਰ ਸੀ ਕੋਲ ਭੇਜਣ ਤੋਂ ਬਾਦ, ਉਹ ਮਾਂ/ਪਿਓ ਜਿਸ ਨੂੰ ਫੈਸਲਾ ਪ੍ਰਾਪਤ ਹੋਇਆ ਹੈ ਅਤੇ ਜੋ ਆਈ ਪੀ ਆਰ ਸੀ ਨੂੰ ਮਿਲਣਾ ਚਾਹੁੰਦੇ ਹਨ, ਫੈਸਲਾ ਪ੍ਰਾਪਤ ਹੋਣ ਦੇ 15 ਦਿਨ ਦੇ ਅੰਦਰ, ਪ੍ਰਿੰਸੀਪਲ ਰਾਹੀਂ, ਲਿਖਤੀ ਰੂਪ ਵਿੱਚ, ਡਾਇਰੈਕਟਰ ਆਫ ਐਜੁਕੇਸ਼ਨ ਨੂੰ ਬੇਨਤੀ ਕਰ ਸਕਦੇ ਹਨ।

ਆਈ ਪੀ ਆਰ ਸੀ ਦੇ ਨਾਲ ਮੀਟਿੰਗ ਤੋਂ ਬਾਦ ਜਿੰਨੀ ਜਲਦੀ ਹੋ ਸਕੇ, ਕਮੇਟੀ ਦਾ ਮੁਖੀ (ਚੇਅਰ) ਉੱਤੇ ਵਰਣਨ ਕੀਤੇ ਗਏ ਹਰ ਵਿਅਕਤੀ ਨੂੰ ਲਿਖਤੀ ਨੋਟਿਸ ਭੇਜੇਗਾ,ਇਹ ਦਸਦੇ ਹੋਏ ਕਿ ਕੀ ਉਨ੍ਹਾਂ ਦੇ ਫੈਸਲੇ ਵਿੱਚ ਕੋਈ ਤਬਦੀਲੀਆਂ ਕੀਤੀਆਂ ਗਈਆਂ ਹਨ ਜਾਂ ਨਹੀਂ।ਜੇ ਤਬਦੀਲੀਆਂ ਕੀਤੀਆਂ ਗਈਆਂ ਹਨ,ਚੇਅਰ ਲਿਖਤੀ ਕਾਰਣਾਂ ਦੇ ਨਾਲ ਫੈਸਲੇ ਦੀ ਸੰਸ਼ੋਧਿਤ ਸਟੇਟਮੈਂਟ ਭੇਜੇਗਾ।

ਜੇ ਤੁਸੀਂ ਆਈ ਪੀ ਆਰ ਸੀ ਦੇ ਨਾਲ ਆਪਣੀ ਦੂਸਰੀ ਮੀਟਿੰਗ ਦੇ ਬਾਦ ਵੀ ਅਸੰਤੁਸ਼ਟ ਹੋ,ਅਪੀਲ ਕਰਨ ਦੀਆਂ ਬਿਧੀਆਂ ਹਨ ਜਿੰਨਾਂ ਦਾ ਵਰਣਨ ਇਸ ਗਾਇਡ ਵਿੱਚ ਅਗੇ ਕੀਤਾ ਗਿਆ ਹੈ।

## ਕੀ ਆਵਾਜਾਈ ਦਾ ਪ੍ਰਬੰਧ ਕੀਤਾ ਜਾਂਦਾ ਹੈ?

ਜਿਥੇ ਕਿ ਵਿਦਿਆਰਥੀ ਨੂੰ ਖਾਸ ਲੋੜਾਂ ਵਾਲਾ ਮੰਨਿਆ ਜਾਂਦਾ ਹੈ ਅਤੇ ਹੋਮ ਸਕੂਲ ਤੋਂ ਬਾਹਰ ਪਲੇਸ ਕੀਤਾ ਜਾਂਦਾ ਹੈ,ਜਾਂ ਉਹ ਸਰੀਰਕ ਰੂਪ ਨਾਲ ਅਪਾਹਜ ਹੈ, ਬੋਰਡ ਆਵਾਜਾਈ ਦਾ ਪ੍ਰਬੰਧ ਕਰੇਗਾ।

## ਆਈ ਪੀ ਆਰ ਸੀ ਰਿਵਿਊ ਕੀ ਹਨ?

- ਹਰ ਸਕੂਲੀ ਸਾਲ ਵਿੱਚ ਇੱਕ ਰਿਵਿਊ ਆਈ ਪੀ ਆਰ ਸੀ ਮੀਟਿੰਗ ਕੀਤੀ ਜਾਂਦੀ ਹੈ।
- ਉਸ ਸਕੂਲ ਦਾ ਪ੍ਰਿੰਸੀਪਲ ਜਿਥੇ ਕਿ ਵਿਦਿਆਰਥੀ ਦੇ ਸਪੈਸ਼ਲ ਐਜੂਕੇਸ਼ਨ ਪ੍ਰੋਗਰਾਮ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ ਵਿਦਿਆਰਥੀ ਨੂੰ ਮਾਂ/ਪਿਓ ਦੇ ਲਿਖਤੀ ਨੋਟਿਸ,ਮਾਂ/ਪਿਓ ਦੀ ਲਿਖਤੀ ਬੇਨਤੀ ਤੇ ਜਾਂ ਬੋਰਡ ਦੇ ਡਾਇਰੈਕਟਰ ਆਫ ਐਜੁਕੇਸ਼ਨ ਦੀ ਲਿਖਤੀ ਬੇਨਤੀ ਉੱਤੇ ਆਈ ਈ ਪੀ ਜਾਂ ਪਲੇਸਮੈਂਟ ਦੀ ਸਮੀਖਿਆ ਲਈ ਆਈ ਪੀ ਆਰ ਸੀ ਕੋਲ ਭੇਜਿਆ ਹੈ।
- ਡਾਇਰੈਕਟਰ ਆਫ ਐਜੁਕੇਸ਼ਨ ਦੀ ਇਹ ਬੇਨਤੀ ਨਹੀਂ ਕਰੇਗਾ ਜੇ:
  ਏ) ਸਕੂਲੀ ਸਾਲ ਦੇ ਦੌਰਾਨ ਆਈ ਪੀ ਆਰ ਸੀ ਦੀ ਮੀਟਿੰਗ ਪਹਿਲਾਂ ਹੀ ਹੋ ਚੁਕੀ ਹੈ; ਜਾਂ,
  ਬੀ) ਜੇ ਮਾਂ/ਪਿਓ ਉਸ ਸਕੂਲ ਦੇ ਪ੍ਰਿੰਸੀਪਲ ਜਿਥੇ ਕਿ ਵਿਦਿਆਰਥੀ ਸਪੈਸ਼ਲ ਐਜੂਕੇਸ਼ਨ ਪ੍ਰੋਗਰਾਮ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ ਨੂੰ ਸਲਾਨਾ ਸਮੀਖਿਆ ਨੂੰ ਨਾ ਕਰਨ ਲਈ ਲਿਖਤੀ ਨੋਟਿਸ ਦੇ ਦੇਣ।
- ਮਾਂ/ਪਿਓ ਵਿਦਿਆਰਥੀ ਦੇ ਸਪੈਸ਼ਲ ਐਜੂਕੇਸ਼ਨ ਪ੍ਰੋਗਰਾਮ ਵਿੱਚ ਤਿੰਨ ਮਹੀਨੇ ਰਹਿਣ ਤੋਂ ਬਾਦ ਕਿਸੇ ਵੀ ਸਮੇਂ ਆਈ ਪੀ ਆਰ ਸੀ ਰਿਵਿਊ ਮੀਟਿੰਗ ਲਈ ਬੇਨਤੀ ਕਰ ਸਕਦੇ ਹਨ।
  ਏ) ਮਾਂ/ਪਿਓ ਹਰ ਤਿੰਨ ਮਹੀਨੇ ਦੀ ਮਿਆਦ ਦੇ ਅੰਦਰ ਇੱਕ ਵਾਰੀ ਤੋਂ ਜਿਆਦਾ ਬੇਨਤੀ ਨਹੀਂ ਕਰ ਸਕਦੇ।
  ਬੀ) ਪ੍ਰਿੰਸੀਪਲ ਦੇ ਨੋਟਿਸ ਦੇਣ ਜਾਂ ਬੇਨਤੀ ਪ੍ਰਾਪਤ ਕਰਨ ਦੇ 15 ਦਿਨ ਦੇ ਅੰਦਰ, ਪ੍ਰਿੰਸੀਪਲ ਉਸ ਅੰਦਾਜ਼ਨ ਸਮੇਂ ਦਾ ਲਿਖਤੀ ਵਰਣਨ ਦੇਵੇਗਾ ਜਦੋਂ ਕਿ ਰਿਵਿਊ ਮੀਟਿੰਗ ਹੋਏਗੀ।
- ਰਿਵਿਊ ਆਈ ਪੀ ਆਰ ਸੀ ਪਹਿਲਾਂ ਹੀ ਗੌਰ ਕੀਤੀ ਗਈ ਜਾਣਕਾਰੀ ਅਤੇ ਕਿਸੇ ਵੀ ਉਪਲਬਧ ਕਰਵਾਈ ਗਈ ਨਵੀਂ ਜਾਣਕਾਰੀ ਉੱਤੇ ਗੌਰ ਕਰਦੀ ਹੈ।
- ਆਈ ਪੀ ਆਰ ਸੀ ਪਲੇਸਮੈਂਟ ਅਤੇ ਪਛਾਣ ਕੀਤੇ ਜਾਣ ਵਾਲੇ ਫੈਸਲਿਆਂ ਦੀ ਸਮੀਖਿਆ ਕਰੇਗੀ ਅਤੇ ਫੈਸਲਾ ਕਰੇਗੀ ਕਿ ਉਨ੍ਹਾਂ ਨੂੰ ਜਾਰੀ ਰੱਖਿਆ ਜਾਣਾ ਚਾਹੀਦਾ ਹੈ ਜਾਂ ਕੋਈ ਦੂਸਰਾ ਫੈਸਲਾ ਕੀਤਾ ਜਾਣਾ ਚਾਹੀਦਾ ਹੈ।
- ਆਈ ਪੀ ਆਰ ਸੀ ਫੈਸਲੇ ਦਾ ਲਿਖਤੀ ਬਿਆਨ ਇੰਨਾਂ ਨੂੰ ਭੇਜੇਗੀ:
  ਏ) ਵਿਦਿਆਰਥੀ ਦੇ ਮਾਂ/ਪਿਓ ਨੂੰ;
  ਬੀ) ਵਿਦਿਆਰਥੀ, ਜਿਥੇ ਵਿਦਿਆਰਥੀ 16 ਸਾਲ ਜਾਂ ਉਸ ਤੋਂ ਵੱਧ ਉਮਰ ਦਾ ਹੈ;
  ਸੀ) ਪ੍ਰਿੰਸੀਪਲ,(ਜੇ ਉਸ ਨੇ ਭੇਜਿਆ ਹੈ);
  ਡੀ) ਬੋਰਡ ਦਾ ਡਾਇਰੈਕਟਰ ਆਫ ਐਜੂਕੇਸ਼ਨ।

## ਜੇ ਮੈਂ ਰਿਵਿਊ ਆਈ ਪੀ ਆਰ ਸੀ ਦੇ ਫੈਸਲੇ ਨਾਲ ਅਸਹਿਮਤ ਹੈ ਤਾਂ ਮੈਂ ਕੀ ਕਰ ਸਕਦਾ/ਦੀ ਹਾਂ?

ਮਾਪਿਆਂ ਨੂੰ ਹਮੇਸ਼ਾ ਆਪਣੀਆਂ ਚਿੰਤਾਵਾਂ ਬਾਰੇ ਸਕੂਲ ਦੇ ਪ੍ਰਿੰਸੀਪਲ ਦੇ ਨਾਲ ਚਰਚਾ ਕਰਨ ਲਈ ਉਤਸ਼ਾਹਤ ਕੀਤਾ ਜਾਂਦਾ ਹੈ। ਮਾਪਿਆਂ ਨੂੰ ਇਹ ਬੇਨਤੀ ਕਰਨ ਦਾ ਹੱਕ ਹੈ ਕਿ ਆਈ ਪੀ ਆਰ ਸੀ ਉਨ੍ਹਾਂ ਦੀਆਂ ਚਿੰਤਾਵਾਂ ਬਾਰੇ ਚਰਚਾ ਕਰਨ ਲਈ ਦੂਸਰੀ ਮੀਟਿੰਗ ਕਰੇ। ਮਾਂ/ਪਿਓ ਲਿਖਤੀ ਰੂਪ ਵਿੱਚ ਆਈ ਪੀ ਆਰ ਸੀ ਨੂੰ ਮੀਟਿੰਗ ਲਈ ਬੇਨਤੀ ਕਰ ਸਕਦੇ ਹਨ, ਜੋ ਆਈ ਪੀ ਆਰ ਸੀ ਦਾ ਫੈਸਲਾ ਮਿਲਣ ਦੇ 15 ਦਿਨ ਦੇ ਅੰਦਰ ਉਸ ਸਕੂਲ ਦੇ ਪ੍ਰਿੰਸੀਪਲ ਨੂੰ ਦਿੱਤਾ ਜਾਏ ਜਿਥੇ ਕਿ ਵਿਦਿਆਰਥੀ ਦੇ ਸਪੈਸ਼ਲ ਐਜੂਕੇਸ਼ਨ ਪ੍ਰੋਗਰਾਮ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ।

ਆਈ ਪੀ ਆਰ ਸੀ ਦੇ ਨਾਲ ਮੀਟਿੰਗ ਤੋਂ ਬਾਦ ਜਿੰਨੀ ਜਲਦੀ ਹੋ ਸਕੇ, ਕਮੇਟੀ ਦਾ ਮੁਖੀ (ਚੇਅਰ) ਉੱਤੇ ਵਰਣਨ ਕੀਤੇ ਗਏ ਹਰ ਵਿਅਕਤੀ ਨੂੰ ਲਿਖਤੀ ਨੋਟਿਸ ਭੇਜੇਗਾ,ਇਹ ਦਸਦੇ ਹੋਏ ਕਿ ਕੀ ਮੀਟਿੰਗ ਦੇ ਨਤੀਜੇ ਵਜੋਂ ਕੋਈ ਤਬਦੀਲੀਆਂ ਕੀਤੀਆਂ ਗਈਆਂ ਹਨ ਜਾਂ ਨਹੀਂ।ਜੇ ਤਬਦੀਲੀਆਂ ਕੀਤੀਆਂ ਗਈਆਂ ਹਨ, ਮੁਖੀ (ਚੇਅਰ) ਲਿਖਤੀ ਕਾਰਣਾਂ ਦੇ ਨਾਲ ਸੰਸ਼ੋਧਿਤ ਫੈਸਲਾ ਵੀ ਭੇਜੇਗਾ।

ਬੋਰਡ ਆਈ ਪੀ ਆਰ ਸੀ ਦੁਆਰਾ ਕੀਤੇ ਗਏ ਫੈਸਲੇ ਦੇ ਨਤੀਜੇ ਵਜੋਂ ਪਲੇਸਮੈਂਟ ਵਿੱਚ ਉਸ ਵੇਲੇ ਤਬਦੀਲੀ ਕਰੇਗਾ ਜਦੋਂ:
(ਏ) ਵਿਦਿਆਰਥੀ ਦੀ ਮਾਂ ਜਾਂ ਪਿਓ ਲਿਖਤੀ ਰੂਪ ਵਿੱਚ ਇਸ ਲਈ ਮਨਜ਼ੂਰੀ ਦਿੰਦੇ ਹਨ; ਜਾਂ,
(ਬੀ) ਅਪੀਲ ਦਾ ਨੋਟਿਸ ਲੁੜੀਂਦੇ ਸਮੇਂ ਦੇ ਦਾਇਰੇ ਵਿੱਚ ਫਾਇਲ ਨਹੀਂ ਕੀਤਾ ਜਾਂਦਾ (ਜਿਵੇਂ ਕਿ ਹੇਠਾਂ ਦੱਸਿਆ ਗਿਆ ਹੈ)।

## ਕੀ ਮੈਂ ਆਈ ਪੀ ਆਰ ਸੀ ਦੇ ਫੈਸਲੇ ਦੀ ਅਪੀਲ ਕਰ ਸਕਦਾ/ਦੀ ਹਾਂ?

ਹਾਂ। ਤੁਸੀਂ ਇੰਨ੍ਹਾਂ ਕਾਰਣਾਂ ਕਰਕੇ ਆਈ ਪੀ ਆਰ ਸੀ ਦੇ ਫੈਸਲੇ ਦੀ ਅਪੀਲ ਕਰ ਸਕਦੇ ਹੋ ਕਿ ਤੁਸੀਂ ਅਸਹਿਮਤ ਹੋ:
(ਏ) ਆਪਣੇ ਬੱਚੇ ਦੀ ਇੱਕ ਖਾਸ ਲੋੜਾਂ ਵਾਲੇ ਵਿਦਿਆਰਥੀ ਦੀ ਤਰ੍ਹਾਂ ਪਛਾਣ ਨਾਲ; ਜਾਂ
(ਬੀ) ਆਈ ਪੀ ਆਰ ਸੀ ਦੇ ਫੈਸਲੇ ਨਾਲ ਕਿ ਤੁਹਾਡਾ ਬੱਚਾ ਇੱਕ ਖਾਸ ਲੋੜਾਂ ਵਾਲਾ ਵਿਦਿਆਰਥੀ ਨਹੀਂ ਹੈ; ਜਾਂ
(ਸੀ) ਤੁਹਾਡੇ ਬੱਚੇ ਦੀ ਇੱਕ ਖਾਸ ਲੋੜਾਂ ਵਾਲੇ ਵਿਦਿਆਰਥੀ ਵਜੋਂ ਪਲੇਸਮੈਂਟ ਨਾਲ।

## ਮੈਂ ਅਪੀਲ ਕਿਵੇਂ ਕਰ ਸਕਦਾ/ਦੀ ਹਾਂ?

ਕਮੇਟੀ, ਜਿਸ ਕੋਲ ਪਛਾਣ ਅਤੇ/ਜਾਂ ਪਲੇਸਮੈਂਟ ਨੂੰ ਬਦਲਣ ਦੀ ਸ਼ਕਤੀ ਹੈ, ਦੀ ਦੂਸਰੀ ਮੀਟਿੰਗ ਵਿੱਚ ਤੁਹਾਡੀਆਂ ਚਿੰਤਾਵਾਂ ਦਾ ਸਮਾਧਾਨ ਕਰਨ ਦੀ ਹਰ ਕੋਸ਼ਿਸ਼ ਕੀਤੀ ਜਾਏਗੀ।

ਪਰ, ਜੇ ਤੁਸੀਂ ਕਮੇਟੀ ਦੇ ਨਾਲ ਆਪਣੀ ਮੀਟਿੰਗ ਤੋਂ ਬਾਦ ਵੀ ਅਸੰਤੁਸ਼ਟ ਹੋ, ਤਾਂ ਤੁਹਾਨੂੰ ਅਪੀਲ ਦਾ ਨੋਟਿਸ ਦਾਇਰ ਕਰਨਾ ਪਏਗਾ। ਅਪੀਲ ਦੇ ਨੋਟਿਸ ਨੂੰ ਲਿਖਤੀ ਰੂਪ ਵਿੱਚ, ਦੂਸਰੀ ਮੀਟਿੰਗ ਦਾ ਫੈਸਲੇ ਪ੍ਰਾਪਤ ਹੋਣ ਦੇ 15 ਦਿਨ ਦੇ ਅੰਦਰ ਜਾਂ ਲਿਖਤੀ ਫੈਸਲਾ ਪ੍ਰਾਪਤ ਹੋਣ ਦੇ 30 ਦਿਨ ਦੇ ਅੰਦਰ ਡਾਇਰੈਕਟਰ ਆਫ ਐਜੁਕੇਸ਼ਨ ਤੱਕ ਪਹੁੰਚਾਇਆ ਜਾਣਾ ਚਾਹੀਦਾ ਹੈ।

ਜੇ ਤੁਸੀਂ ਆਈ ਪੀ ਆਰ ਸੀ ਦੇ ਸਮੀਖਿਆ ਫੈਸਲੇ ਦੇ ਨਾਲ ਅਸਹਿਮਤ ਹੋ, ਤੁਹਾਡੇ ਅਪੀਲ ਦੇ ਨੋਟਿਸ ਨੂੰ ਲਿਖਤੀ ਰੂਪ ਵਿੱਚ, ਦੂਸਰੀ ਮੀਟਿੰਗ ਦਾ ਫੈਸਲੇ ਪ੍ਰਾਪਤ ਹੋਣ ਦੇ 15 ਦਿਨ ਦੇ ਅੰਦਰ ਜਾਂ ਲਿਖਤੀ ਫੈਸਲਾ ਪ੍ਰਾਪਤ ਹੋਣ ਦੇ 30 ਦਿਨ ਦੇ ਅੰਦਰ ਡਾਇਰੈਕਟਰ ਆਫ ਐਜੁਕੇਸ਼ਨ ਤੱਕ ਪਹੁੰਚਾਇਆ ਜਾਣਾ ਚਾਹੀਦਾ ਹੈ।

ਤੁਹਾਡੇ ਅਪੀਲ ਦੇ ਨੋਟਿਸ ਵਿੱਚ ਦੱਸਿਆ ਜਾਣਾ ਚਾਹੀਦਾ ਹੈ ਕਿ ਤੁਸੀਂ ਕਿਹੜੇ ਫੈਸਲੇ ਨਾਲ ਅਸਹਿਮਤ ਹੋ ਅਤੇ ਅਸਹਿਮਤ ਹੋਣ ਲਈ ਤੁਹਾਡੇ ਕਾਰਣ ਕੀ ਹਨ।

## ਅਪੀਲ ਕਿਰਿਆ ਵਿੱਚ ਕੀ ਹੁੰਦਾ ਹੈ?

ਅਪੀਲ ਕਿਰਿਆ ਵਿੱਚ ਹੇਠਾਂ ਦਿੱਤੇ ਗਏ ਕਦਮ ਸ਼ਾਮਲ ਹਨ;

- ਬੋਰਡ ਤੁਹਾਡੀ ਅਪੀਲ ਦੇ ਸੁਣਵਾਈ ਲਈ ਇੱਕ ਸਪੈਸ਼ਲ ਐਜੁਕੇਸ਼ਨ ਅਪੀਲ ਬੋਰਡ ਸਥਾਪਤ ਕਰੇਗਾ। ਅਪੀਲ ਬੋਰਡ ਤਿੰਨ ਵਿਅਕਤੀਆਂ ਦਾ ਬਣਿਆ ਹੋਏਗਾ (ਜਿੰਨਾਂ ਵਿੱਚੋਂ ਇੱਕ ਦੀ ਚੋਣ ਤੁਸੀਂ, ਮਾਂ ਜਾਂ ਪਿਓ, ਕਰੋਗੇ) ਜਿੰਨਾਂ ਨੂੰ ਅਪੀਲ ਹੇਠ ਮਾਮਲੇ ਦੀ ਪਹਿਲਾਂ ਤੋਂ ਕੋਈ ਜਾਣਕਾਰੀ ਨਹੀਂ ਹੈ।
- ਅਪੀਲ ਬੋਰਡ ਦਾ/ਦੀ ਮੁਖੀ (ਚੇਅਰ) ਚੁਣੇ ਜਾਣ ਦੇ 30 ਦਿਨਾਂ ਦੇ ਅੰਦਰ ਹੀ ਸੁਵਿਧਾਜਨਕ ਸਮੇਂ ਅਤੇ ਥਾਂ ਉੱਤੇ ਮੀਟਿੰਗ ਦੇ ਪ੍ਰਬੰਧ ਕਰੇਗਾ/ਗੀ (ਸਿਵਾਏ ਇਸ ਦੇ ਕਿ ਮਾਪੇ ਅਤੇ ਬੋਰਡ ਦੋਵੇਂ ਬਾਦ ਦੀ ਤਰੀਕ ਲਈ ਲਿਖਤੀ ਮਨਜ਼ੂਰੀ ਦੇਣ)।
- ਅਪੀਲ ਬੋਰਡ ਨੂੰ ਆਈ ਪੀ ਆਰ ਸੀ ਵਲੋਂ ਸਮੀਖਿਆ ਕੀਤੀ ਗਈ ਸਮੱਗਰੀ ਮਿਲੇਗੀ ਅਤੇ ਉਹ ਕੋਈ ਵੀ ਅਜਿਹੇ ਵਿਅਕਤੀਆਂ ਨੂੰ ਭਾਗ ਲੈਣ ਲਈ ਸੱਦਾ ਦੇ ਸਕਦੇ ਹਨ ਜੋ ਅਪੀਲ ਹੇਠ ਮਾਮਲੇ ਬਾਰੇ ਕੁਝ ਜਾਣਕਾਰੀ ਦੇ ਸਕਦੇ ਹਨ।
- ਤੁਹਾਨੂੰ, ਮਾਂ ਜਾਂ ਪਿਓ, ਅਤੇ ਵਿਦਿਆਰਥੀ,ਜੇ ਉਹ 16 ਸਾਲ ਜਾਂ ਉਸ ਤੋਂ ਵੱਧ ਉਮਰ ਦਾ/ਦੀ ਹੈ, ਨੂੰ ਮੌਜੂਦ ਹੋਣ ਦਾ ਅਤੇ ਅਪੀਲ ਕਿਰਿਆ ਵਿੱਚ ਭਾਗ ਲੈਣ ਦਾ ਹੱਕ ਹੈ।

## ਅਪੀਲ ਬੋਰਡ ਦੀ ਭੂਮਿਕਾ ਕੀ ਹੈ?

ਅਪੀਲ ਬੋਰਡ ਲਈ ਮੀਟਿੰਗ ਖਤਮ ਹੋਣ ਦੇ 3 ਦਿਨ ਦੇ ਅੰਦਰ ਸਿਫ਼ਾਰਸ਼ ਦੇਣਾ ਜਰੂਰੀ ਹੈ। ਉਹ ਇਹ ਕਰ ਸਕਦਾ ਹੈ:

- ਆਈ ਪੀ ਆਰ ਸੀ ਦੇ ਫੈਸਲੇ ਨਾਲ ਸਹਿਮਤ ਹੋਣਾ ਅਤੇ ਇਹ ਸਿਫ਼ਾਰਸ਼ ਕਰਨਾ ਕਿ ਫੈਸਲੇ ਨੂੰ ਲਾਗੂ ਕੀਤਾ ਜਾਏ
- ਆਈ ਪੀ ਆਰ ਸੀ ਦੇ ਫੈਸਲੇ ਦੇ ਨਾਲ ਅਸਹਿਮਤ ਹੋਣਾ ਅਤੇ ਤੁਹਾਡੇ ਬੱਚੇ ਦੀ ਪਛਾਣ,ਪਲੇਸਮੈਂਟ ਜਾਂ ਦੋਵਾਂ ਬਾਰੇ ਸਿਫ਼ਾਰਸ਼ ਕਰਨਾ।

ਅਪੀਲ ਬੋਰਡ ਆਪਣੀਆਂ ਸਿਫ਼ਾਰਸ਼ਾਂ ਦੀ ਰਿਪੋਰਟ ਤੁਹਾਨੂੰ, ਵਿਦਿਆਰਥੀ ਨੂੰ ਜੇ ਉਹ 16 ਸਾਲ ਜਾਂ ਉਸ ਤੋਂ ਵੱਧ ਉਮਰ ਦਾ/ਦੀ ਹੈ, ਕਮੇਟੀ ਦੇ ਚੇਅਰ, ਡਾਇਰੈਕਟਰ ਆਫ ਐਜੁਕੇਸ਼ਨ,ਅਤੇ ਉਸ ਸਕੂਲ ਦੇ ਪ੍ਰਿੰਸੀਪਲ ਨੂੰ, ਜਿਥੇ ਕਿ ਵਿਦਿਆਰਥੀ ਨੂੰ ਥਾਂ ਦਿੱਤੀ ਗਈ ਸੀ ਨੂੰ ਆਪਣੀਆਂ ਸਿਫ਼ਾਰਸ਼ਾਂ ਲਈ ਕਾਰਣ ਦਸਦੇ ਹੋਏ ਲਿਖਤੀ ਰੂਪ ਵਿੱਚ ਦੇਵੇਗਾ।

ਅਪੀਲ ਬੋਰਡ ਦੇ ਲਿਖਤੀ ਬਿਆਨ ਪ੍ਰਾਪਤ ਹੋਣ ਦੇ 30 ਦਿਨ ਦੇ ਅੰਦਰ ਹੀ,ਸਕੂਲ ਬੋਰਡ ਫੈਸਲੇ ਕਰੇਗਾ ਕਿ ਉਹ ਸਿਫ਼ਾਰਸ਼ਾਂ ਸੰਬੰਧੀ ਕੀ ਕਾਰਵਾਈ ਕਰੇਗਾ (ਬੋਰਡਾਂ ਲਈ ਅਪੀਲ ਬੋਰਡ ਦੀਆਂ ਸਿਫ਼ਾਰਸ਼ਾਂ ਦੀ ਪਾਲਣਾ ਕਰਨਾ ਜਰੂਰੀ ਨਹੀਂ ਹੈ)।

ਤੁਸੀਂ ਸਕੂਲ ਬੋਰਡ ਦੇ ਫੈਸਲੇ ਨੂੰ ਮੰਨ ਸਕਦੇ ਹੋ ,ਜਾਂ ਤੁਸੀਂ ਸਪੈਸ਼ਲ ਐਜੁਕੇਸ਼ਨ ਟ੍ਰਾਈਬਿਯੂਨਲ ਨੂੰ ਅਪੀਲ ਕਰ ਸਕਦੇ ਹੋ। ਤੁਸੀਂ ਸਪੈਸ਼ਲ ਐਜੁਕੇਸ਼ਨ ਟ੍ਰਾਈਬਿਯੂਨਲ ਦੇ ਸੈਕਟਰੀ ਨੂੰ ਲਿਖ ਕੇ ਸੁਣਵਾਈ ਲਈ ਬੇਨਤੀ ਕਰ ਸਕਦੇ ਹੋ। ਟ੍ਰਾਈਬਿਯੂਨਲ ਨੂੰ ਅਰਜ਼ੀ ਦੇਣ ਸੰਬੰਧੀ ਜਾਣਕਾਰੀ ਅਪੀਲ ਬੋਰਡ ਦੇ ਫੈਸਲੇ ਦੇ ਨਾਲ ਸ਼ਾਮਲ ਹੋਏਗੀ।

## ਮਾਪਿਆਂ ਦੀ ਸਹਾਇਤਾ ਕਰਨ ਲਈ ਕਿਹੜੇ ਸੰਗਠਨ ਮੌਜੂਦ ਹਨ?

ਬਹੁਤ ਸਾਰੇ ਸੰਗਠਨ ਖਾਸ ਲੋੜਾਂ ਵਾਲੇ ਵਿਦਿਆਰਥੀਆਂ ਦੇ ਮਾਪਿਆਂ ਦੀ ਸਹਾਇਤਾ ਕਰਦੇ ਹਨ। ਇਹ ਜਾਣਕਾਰੀ www.dpcdsb.org ਉਤੇ ਬੋਰਡ ਸਪੈਸ਼ਲ ਐਜੂਕੇਸ਼ਨ ਦੀ ਵੈੱਬਸਾਇਟ ਜਾਂ ਸੁਪਰਿੰਟੈਨਡੈਂਟ ਆਫ ਸਪੈਸ਼ਲ ਐਜੁਕੇਸ਼ਨ ਐਂਡ ਸਪੋਰਟ ਸਰਵਿਸਿਜ/ਥਾਪੇ ਗਏ ਵਿਅਕਤੀ ਦੇ ਰਾਹੀਂ ਪ੍ਰਾਪਤ ਕੀਤੀ ਜਾ ਸਕਦੀ ਹੈ।

## ਸਪੈਸ਼ਲ ਐਜੁਕੇਸ਼ਨ ਅਡਵਾਇਜ਼ਰੀ ਕਮੇਟੀ

ਬੋਰਡਾਂ ਲਈ ਸਪੈਸ਼ਲ ਐਜੁਕੇਸ਼ਨ ਅਡਵਾਇਜ਼ਰੀ ਕਮੇਟੀ (SEAC) ਹੋਣੀ ਜਰੂਰੀ ਹੈ। ਬੋਰਡ ਦੀਆਂ ਸਾਰੀਆਂ ਸਥਾਨਕ ਸੰਸਥਾਵਾਂ ਦੀ ਸੂਚੀ www.dpcdsb.org ਉੱਤੇ ਬੋਰਡ ਦੀ ਐਸ ਈ ਏ ਸੀ ਵੈੱਬਸਾਇਟ ਉੱਤੇ ਦੇਖੀ ਜਾ ਸਕਦੀ ਹੈ।

## ਸਪੈਸ਼ਲ ਐਜੁਕੇਸ਼ਨ ਪ੍ਰੋਗਰਾਮ ਐਂਡ ਸਪੋਰਟ ਸਰਵਿਸਿਜ

ਬੋਰਡ ਦੁਆਰਾ ਪੇਸ਼ ਕੀਤੇ ਗਏ ਸਪੈਸ਼ਲ ਐਜੁਕੇਸ਼ਨ ਪ੍ਰੋਗਰਾਮਾਂ ਅਤੇ ਸਪੋਰਟ ਸੇਵਾਵਾਂ ਸੰਬੰਧੀ ਵਧੇਰੀ ਜਾਣਕਾਰੀ www.dpcdsb.org ਉੱਤੇ ਬੋਰਡ ਸਪੈਸ਼ਲ ਐਜੁਕੇਸ਼ਨ ਰਿਪੋਰਟ ਵਿੱਚ ਮਿਲ ਸਕਦੀ ਹੈ।

## ਮਨਿਸਟਰੀ ਦੇ ਪ੍ਰਾਂਤੀਏ ਅਤੇ ਪ੍ਰਦਰਸ਼ਨ ਕਰਨ ਵਾਲੇ ਸਕੂਲ ਕੀ ਹਨ?

ਓਨਟਾਰਿਓ ਭਰ ਵਿਚ ਕਈ ਸਾਰੇ ਪ੍ਰਾਂਤੀਏ ਅਤੇ ਪ੍ਰਦਰਸ਼ਨ ਕਰਨ ਵਾਲੇ ਸਕੂਲ ਹਨ। ਇੰਨ੍ਹਾਂ ਸਕੂਲਾਂ ਵਿੱਚ ਸੰਗੀਨ ਅਪਾਹਜਪੁਣਿਆਂ ਜਿਵੇਂ ਕਿ ਬਹਿਰੇ, ਬਹਿਰੇ- ਅੰਨ੍ਹੇ, ਸਿਖਲਾਈ ਸੰਬੰਧੀ ਸੰਗੀਨ ਅਪਾਹਜਪੁਣਿਆਂ ਦੇ ਨਾਲ ਹੀ ਅਟੈਨਸ਼ਨ ਡੇਵੀਸ਼ਿਟ ਹਾਈਪਰਐਕਟਿਵਿਟੀ ਡਿਸਔਰਜਰ (ਏ ਡੀ ਐਚ ਡੀ) ਵਾਲੇ ਖਾਸ ਲੋੜਾਂ ਵਾਲੇ ਵਿਦਿਆਰਥੀਆਂ ਲਈ ਰਿਹਾਇਸ਼ੀ ਪਲੇਸਮੇਂਟ ਵੀ ਸ਼ਾਮਲ ਹੈ।

ਓਨਟਾਰਿਓ ਵਿਚਲੇ ਪ੍ਰਾਂਤੀਏ ਅਤੇ ਪ੍ਰਦਰਸ਼ਨ ਕਰਨ ਵਾਲੇ ਸਕੂਲਾਂ ਦੇ ਨਾਮਾਂ,ਪਤਿਆਂ ਅਤੇ ਟੇਲੀਫੋਨ ਨੰਬਰਾਂ ਦੀ ਸੂਚੀ www.dpcdsb.org ਉੱਤੇ ਬੋਰਡ ਸਪੈਸ਼ਲ ਐਜੁਕੇਸ਼ਨ ਐਂਡ ਸਪੋਰਟ ਸਰਵਿਸਿਜ ਦੀ ਵੈੱਬਸਾਇਟ ਜਾਂ http://tinyurl.com/EDU-Prov-Dem-Schools ਉੱਤੇ ਮਨਿਸਟਰੀ ਆਫ ਐਜੁਕੇਸ਼ਨ ਦੀ ਵੈੱਬਸਾਇਟ ਤੇ ਦੇਖੀ ਜਾ ਸਕਦੀ ਹੈ।

# ਸੰਪਰਕ

ਸਕੂਲ

ਪ੍ਰਿੰਸੀਪਲ ਫੋਨ

ਟੀਚਰ ਫੋਨ

ਸਪੈਸ਼ਲ ਐਜੁਕੇਸ਼ਨ ਰਿਸੋਰਸ ਟੀਚਰ ਫੋਨ

ਸਾਈਕੋਲੋਜੀ ਸਟਾਫ ਮੈਂਬਰ ਫੋਨ

ਸਪੀਚ/ਲੈਂਗੁਏਜ ਪੈਥੌਲੋਜਿਸਟ ਫੋਨ

ਸ਼ੋਸ਼ਲ ਵਰਕਰ ਫੋਨ

ਆਈ ਪੀ ਆਰ ਸੀ ਦੇ ਮਿਲਣ ਦੀ ਅਨੁਮਾਨਤ ਮਿਤੀ

**ਡਫਰਿੰਨ-ਪੀਲ ਕੈਥੋਲਿਕ ਡਿਸਟਰਿਕਟ ਸਕੂਲ ਬੋਰਡ ਦਾ ਆਫਿਸ**
**ਕੈਥੋਲਿਕ ਐਜੁਕੇਸ਼ਨ ਸੈਂਟਰ**
**40 ਮੈਥੇਸਨ ਬੋਲੇਵਾਰਡ ਵੈਸਟ**
**ਮਿਸੀਸਾਗਾ,ਓਨਟਾਰਿਓ, ਐਲ5ਆਰ 1ਸੀ5**

ਸੁਪਰਿੰਟੈਨਡੈਂਟ ਆਫ ਪ੍ਰੋਗਰਾਮ (905) 890 - 1221
ਸੁਪਰਿੰਟੈਨਡੈਂਟ ਆਫ ਸਪੈਸ਼ਲ ਐਜੁਕੇਸ਼ਨ ਐਂਡ ਸਪੋਰਟ ਸਰਵਿਸਿਜ (905) 890 - 1221

ਡਫਰਿੰਨ-ਪੀਲ ਕੈਥੋਲਿਕ ਡਿਸਟਰਿਕਟ ਸਕੂਲ ਬੋਰਡ ਦੀ ਸਪੈਸ਼ਲ ਐਜੁਕੇਸ਼ਨ ਵੈੱਬਸਾਇਟ
http://www.dpcdsb.org/CEC/Programs/Special+Education/

ਸਪੈਸ਼ਲ ਐਜੁਕੇਸ਼ਨ ਅਡਵਾਇਜ਼ਰੀ ਕਮੇਟੀ [SEAC] ਉੱਤੇ ਪ੍ਰਤੀਨਿਧਤਾਵਾਂ ਵਾਲੀਆਂ ਅਸੋਸੀਏਸ਼ਨਾਂ
http://www.dpcdsb.org/CEC/Programs/Special+Education/SpecialEducationDP/SEAC/Membership.htm

*ਇਹ ਗਾਇਡ ਓਨਟਾਰਿਓ ਰੈਗੂਲੇਸ਼ਨ 181/98 ਝਲਕਾਉਂਦਾ ਹੈ।*
*ਇਹ ਮੰਗਣ ਤੇ ਵੱਡੇ ਪ੍ਰਿੰਟ,ਬਰੇਲ ਅਤੇ ਆਡੀਓ ਕੈਸਟ ਦੀ ਤਰ੍ਹਾਂ ਉਪਲਬਧ ਹੈ।*

*ਜੀ ਐਫ 155*
*ਸੰਸ਼ੋਧਿਤ 2013.*